Punjabi | ਪੰਜਾਬੀ

ਪੈਸਿਆਂ ਦੇ ਜਾਲ ਵਿੱਚ ਨਾ ਫਸੋ।



CRIME STOPPERS .com.au 1800 333 000

Australian Government

ਪੈਸੇ ਦੀਆਂ ਸੌਖੀਆਂ ਪੇਸ਼ਕਸ਼ਾਂ, ਇੱਕ ਫਸਣ ਵਾਲਾ ਜਾਲ ਬਣ ਸਕਦੀਆਂ ਹਨ

ਅਪਰਾਧੀ, ਲੋਕਾਂ ਦੇ ਬੈਂਕ ਖਾਤਿਆਂ ਰਾਹੀਂ ਪੈਸੇ ਮੰਗਵਾਉਣ ਜਾਂ ਟ੍ਰਾਂਸਫਰ ਕਰਨ ਲਈ, ਉਨ੍ਹਾਂ ਨੂੰ ਭਰਤੀ ਕਰਨ ਲਈ ਜਾਅਲੀ ਨੌਕਰੀਆਂ, ਟੈਕਸਟ ਸੁਨੇਹਿਆਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਅਜਿਹਾ ਲੱਗਦਾ ਹੈ ਕਿ ਸੌਖੇ ਤਰੀਕੇ ਨਾਲ ਆਉਣ ਵਾਲਾ ਪੈਸਾ ਤੁਹਾਡੇ ਵਿੱਤ, ਤੁਹਾਡੀ ਪਛਾਣ ਅਤੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ।

ਜੇਕਰ ਤੁਸੀਂ ਇੱਕ ਅੰਤਰ-ਰਾਸ਼ਟਰੀ ਵਿਦਿਆਰਥੀ ਹੋ, ਤਾਂ ਨਤੀਜੇ ਖ਼ਾਸ ਤੌਰ 'ਤੇ ਗੰਭੀਰ ਹੋ ਸਕਦੇ ਹਨ। ਅਪਰਾਧਿਕ ਦੋਸ਼ਾਂ ਅਤੇ ਵਿੱਤੀ ਨੁਕਸਾਨ ਤੋਂ ਇਲਾਵਾ, ਤੁਹਾਨੂੰ ਫ੍ਰੀਜ਼ ਕੀਤੇ ਬੈਂਕ ਖਾਤਿਆਂ, ਪਛਾਣ ਦੀ ਚੋਰੀ, ਵੀਜ਼ਾ ਰੱਦ ਹੋਣ ਜਾਂ ਇਨਕਾਰ ਹੋਣ, ਅਤੇ ਆਸਟ੍ਰੇਲੀਆ ਵਿੱਚ ਪੜ੍ਹਾਈ ਕਰਨ, ਕੰਮ ਕਰਨ ਜਾਂ ਰਹਿਣ ਦੀ ਤੁਹਾਡੀ ਯੋਗਤਾ 'ਤੇ ਲੰਬੇ ਸਮੇਂ ਵਾਲੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕੀ ਤੁਸੀਂ ਜਾਣਦੇ ਹੋ?

- 2023-24 ਵਿੱਚ ਆਸਟ੍ਰੇਲੀਆ ਦੇ ਪ੍ਰਮੁੱਖ ਬੈਂਕਾਂ ਦੁਆਰਾ ਪੈਸਿਆਂ ਦੀ ਤਸਕਰੀ ਕਰਨ ਵਾਲਿਆਂ (ਮਨੀ ਮਿਊਲਾਂ) ਦੇ ਲੱਗਭਗ 13,000 ਸ਼ੱਕੀ ਖਾਤੇ ਬੰਦ ਕਰ ਦਿੱਤੇ ਗਏ ਸਨ।
- ਅਪਰਾਧੀ, ਆਸਟ੍ਰੇਲੀਆ ਵਿੱਚ ਜਾਅਲੀ ਨੌਕਰੀ ਦੀਆਂ ਪੇਸ਼ਕਸ਼ਾਂ ਕਰਕੇ, ਅਤੇ ਸੌਖੇ ਤਰੀਕੇ ਨਾਲ ਪੈਸੇ ਕਮਾਉਣ ਦੀਆਂ ਸਕੀਮਾਂ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਨਿਸ਼ਾਨਾ ਬਣਾ ਰਹੇ ਹਨ।

ਚੇਤਾਵਨੀ ਦੇ ਸੰਕੇਤਾਂ ਨੂੰ ਜਾਣੋ

ਜੇਕਰ ਕੋਈ ਹੇਠ ਲਿਖੀ ਪੇਸ਼ਕਸ਼ ਕਰਦਾ ਹੈ ਤਾਂ ਸਾਵਧਾਨ ਰਹੋ:

- ✗ ਜਲਦੀ ਜਾਂ ਸੌਖੇ ਤਰੀਕੇ ਨਾਲ ਪੈਸਾ ਕਮਾਉਣਾ
- ✗ ਥੋੜ੍ਹੇ ਜਿਹੇ ਕੰਮ ਲਈ ਵੱਡੀ ਤਨਖਾਹ
- ✗ ਬਿਨਾਂ ਕਿਸੇ ਤਜਰਬੇ ਦੀ ਲੋੜ ਦੇ ਲਚਕਦਾਰ ਕੰਮ
- ✗ ਤੇਜ਼ ਭੁਗਤਾਨ
- ✗ ਇੱਕ ਅਜਿਹੀ ਨੌਕਰੀ, ਜੋ ਸੱਚ ਹੋਣ ਲਈ ਬਹੁਤ ਵਧੀਆ ਲੱਗਦੀ ਹੈ

ਸਾਵਧਾਨ ਰਹੋ, ਜੇਕਰ ਕੋਈ ਤੁਹਾਨੂੰ ਇਹ ਕਰਨ ਲਈ ਕਹਿੰਦਾ ਹੈ:

- ✗ ਆਪਣੇ ਬੈਂਕ ਖਾਤੇ ਵਿੱਚ ਪੈਸੇ ਮੰਗਵਾਓ
- ✗ ਕਿਸੇ ਹੋਰ ਵਿਅਕਤੀ ਨੂੰ ਪੈਸੇ ਟ੍ਰਾਂਸਫਰ ਕਰੋ
- ✗ ਕਿਸੇ ਹੋਰ ਲਈ ਬੈਂਕ ਖਾਤਾ ਖੋਲ੍ਹੋ
- ✗ ਆਪਣੇ ਬੈਂਕ ਵੇਰਵੇ ਸਾਂਝੇ ਕਰੋ
- ✗ ਔਨਲਾਈਨ ਬੈਂਕਿੰਗ ਤੱਕ ਪਹੁੰਚ ਨੂੰ ਸਾਂਝੀ ਕਰੋ
- ✗ ਪਛਾਣ ਦੇ ਦਸਤਾਵੇਜ਼ ਪ੍ਰਦਾਨ ਕਰੋ

ਚੇਤਾਵਨੀ ਦੇ ਚਿੰਨ੍ਹ

ਜੇਕਰ ਕੋਈ ਤੁਹਾਡੇ ਬੈਂਕ ਖਾਤੇ ਦੀ ਵਰਤੋਂ ਪੈਸੇ ਮੰਗਵਾਉਣ ਜਾਂ ਟ੍ਰਾਂਸਫਰ ਕਰਨ ਲਈ ਕਰਨਾ ਚਾਹੁੰਦਾ ਹੈ, ਤਾਂ **ਰੁਕੋ** ਅਤੇ **ਸੋਚੋ**।

ਅਪਰਾਧੀ ਲੋਕਾਂ ਨੂੰ ਕਿਵੇਂ ਨਿਸ਼ਾਨਾ ਬਣਾਉਂਦੇ ਹਨ

ਅਪਰਾਧੀ ਅਕਸਰ ਲੋਕਾਂ ਤੱਕ ਇਨ੍ਹਾਂ ਤਰੀਕਿਆਂ ਰਾਹੀਂ ਪਹੁੰਚ ਕਰਦੇ ਹਨ:

- ਸੋਸ਼ਲ ਮੀਡੀਆ
- ਮੈਸੇਜਿੰਗ ਐਪਾਂ
- ਨੌਕਰੀ ਦੀਆਂ ਵੈੱਬਸਾਈਟਾਂ
- ਔਨਲਾਈਨ ਬਾਜ਼ਾਰ
- ਭਾਈਚਾਰਕ ਸਮੂਹ
- ਵਿਦਿਆਰਥੀ ਨੈੱਟਵਰਕ
- ਦੋਸਤ ਜਾਂ ਜਾਣ-ਪਛਾਣ ਵਾਲੇ ਵਿਅਕਤੀ

ਉਹ ਅਕਸਰ ਇਨ੍ਹਾਂ ਦਾ ਵਾਅਦਾ ਕਰਦੇ ਹਨ:

- ਸੌਖੇ ਤਰੀਕੇ ਨਾਲ ਪੈਸਾ ਕਮਾਉਣਾ
- ਲਚਕਦਾਰ ਕੰਮ
- ਤੇਜ਼ ਭੁਗਤਾਨ
- ਕੋਈ ਤਜਰਬਾ ਲੋੜੀਂਦਾ ਨਹੀਂ

ਆਪਣੇ ਆਪ ਨੂੰ ਸੁਰੱਖਿਅਤ ਰੱਖੋ

ਕਦੇ ਵੀ ਇਹ ਨਾ ਕਰੋ:

X ਆਪਣੇ ਬੈਂਕ ਖਾਤੇ ਦੇ ਵੇਰਵੇ ਸਾਂਝੇ ਕਰਨਾ

X ਔਨਲਾਈਨ ਬੈਂਕਿੰਗ ਤੱਕ ਪਹੁੰਚ ਦੇ ਵੇਰਵੇ ਸਾਂਝੇ ਕਰਨਾ

X ਕਿਸੇ ਹੋਰ ਨੂੰ ਆਪਣਾ ਖਾਤਾ ਵਰਤਣ ਦੀ ਆਗਿਆ ਦੇਣਾ

X ਉਨ੍ਹਾਂ ਲੋਕਾਂ ਲਈ ਪੈਸੇ ਟ੍ਰਾਂਸਫਰ ਕਰਨਾ, ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ

X ਪਛਾਣ ਦੇ ਦਸਤਾਵੇਜ਼ ਸਾਂਝੇ ਕਰਨਾ, ਬਿਨਾਂ ਇਹ ਜਾਂਚ ਕੀਤੇ ਕਿ ਕੌਣ ਉਨ੍ਹਾਂ ਲਈ ਬੇਨਤੀ ਕਰ ਰਿਹਾ ਹੈ

ਹਮੇਸ਼ਾ:

✓ ਨੌਕਰੀ ਦੀਆਂ ਪੇਸ਼ਕਸ਼ਾਂ ਦੀ ਧਿਆਨ ਨਾਲ ਜਾਂਚ ਕਰੋ

✓ ਰੁਜ਼ਗਾਰਦਾਤਿਆਂ ਦੀ ਸੁਤੰਤਰ ਤੌਰ 'ਤੇ ਖੋਜ ਕਰੋ

✓ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਮੌਕਿਆਂ ਦੀ ਪੁਸ਼ਟੀ ਕਰੋ

✓ ਜੇਕਰ ਕੁਝ ਸਹੀ ਨਹੀਂ ਲੱਗਦਾ ਤਾਂ ਸਵਾਲ ਪੁੱਛੋ

✓ ਆਪਣੇ ਮਨ 'ਤੇ ਭਰੋਸਾ ਕਰੋ

ਜੇ ਜਾਣਕਾਰੀ ਪਹਿਲਾਂ ਹੀ ਸਾਂਝੀ ਕਰ ਦਿੱਤੀ ਹੈ?

ਜੇਕਰ ਤੁਸੀਂ ਇਹ ਕੀਤਾ ਹੈ, ਤਾਂ ਤੁਰੰਤ ਕਾਰਵਾਈ ਕਰੋ:

- ਬੈਂਕ ਖਾਤੇ ਦੇ ਵੇਰਵੇ ਸਾਂਝੇ ਕੀਤੇ ਹਨ
- ਪਛਾਣ ਦੇ ਦਸਤਾਵੇਜ਼ ਸਾਂਝੇ ਕੀਤੇ ਹਨ
- ਕਿਸੇ ਅਜਿਹੇ ਵਿਅਕਤੀ ਤੋਂ ਪੈਸੇ ਹਾਸਲ ਕੀਤੇ ਹਨ, ਜਿਸ ਨੂੰ ਤੁਸੀਂ ਨਹੀਂ ਜਾਣਦੇ
- ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਪੈਸੇ ਭੇਜੇ ਹਨ

ਕੀ ਕਰਨਾ ਹੈ:

1. ਆਪਣੇ ਬੈਂਕ ਨਾਲ ਸੰਪਰਕ ਕਰੋ
2. ਸ਼ਾਮਲ ਵਿਅਕਤੀ ਨਾਲ ਸੰਚਾਰ ਕਰਨਾ ਬੰਦ ਕਰੋ
3. ਆਪਣੇ ਪਾਸਵਰਡ ਬਦਲੋ ਅਤੇ ਖਾਤੇ ਦੀ ਸੁਰੱਖਿਆ ਦੀ ਸਮੀਖਿਆ ਕਰੋ
4. ਪਛਾਣ ਦੀ ਚੋਰੀ ਦੇ ਸੰਕੇਤਾਂ ਦੀ ਨਿਗਰਾਨੀ ਕਰੋ
5. ਸਹਾਇਤਾ ਦੀ ਮੰਗ ਕਰੋ

ਮਦਦ ਦੀ ਲੋੜ ਹੈ?

ਸਕੈਮਵਾਚ

ਘੁਟਾਲੇ ਦੀ ਰਿਪੋਰਟ ਕਰਨ ਅਤੇ ਪੈਸੇ ਮੁੜਵਾਉਣ ਦੀ ਜਾਣਕਾਰੀ ਲਈ
www.scamwatch.gov.au

IDCARE

ਪਛਾਣ ਦੀ ਚੋਰੀ ਅਤੇ ਘੁਟਾਲਿਆਂ ਤੋਂ ਪ੍ਰਭਾਵਿਤ ਲੋਕਾਂ ਲਈ ਮੁਫ਼ਤ ਸਹਾਇਤਾ
www.idcare.org

ਦੂਜਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰੋ

ਜੇਕਰ ਕੋਈ ਲੋਕਾਂ ਨੂੰ ਪੈਸੇ ਮੰਗਵਾਉਣ ਜਾਂ ਟ੍ਰਾਂਸਫਰ ਕਰਨ ਲਈ ਭਰਤੀ ਕਰ ਰਿਹਾ ਹੈ, ਸ਼ੱਕੀ ਮੌਕਿਆਂ ਦੇ ਇਸ਼ਤਿਹਾਰ ਦੇ ਰਿਹਾ ਹੈ, ਜਾਂ ਦੂਜਿਆਂ ਨੂੰ ਆਪਣੇ ਬੈਂਕ ਖਾਤਿਆਂ ਦੀ ਵਰਤੋਂ ਕਰਨ ਲਈ ਕਹਿ ਰਿਹਾ ਹੈ, ਤਾਂ ਤੁਸੀਂ ਇਹ ਜਾਣਕਾਰੀ ਕ੍ਰਾਈਮ ਸਟੌਪਰਜ਼ ਨਾਲ ਗੁੰਮਨਾਮ ਤੌਰ 'ਤੇ ਸਾਂਝੀ ਕਰ ਸਕਦੇ ਹੋ।

ਤੁਹਾਨੂੰ ਕਿਸੇ ਸਬੂਤ ਦੀ ਲੋੜ ਨਹੀਂ ਹੈ।

ਜਾਣਕਾਰੀ ਦੀ ਗੁੰਮਨਾਮ ਤੌਰ 'ਤੇ ਰਿਪੋਰਟ ਕਰੋ

1800 333 000 | www.crimestoppers.com.au

ਹੋਰ ਜਾਣਨ ਲਈ ਸਕੈਨ ਕਰੋ